2. ਜੇਕਰ ਖਿਡਾਰੀ ਦਾ ਰਵੱਈਆ ਰੈਫਰੀ ਜਾਂ ਜੱਜਾਂ ਦੇ ਖਿਆਲ ਮੁਤਾਬਿਕ ਅਣਉਚਿਤ ਤੇ ਬਰਦਾਸ਼ਤ ਤੋਂ ਬਾਹਰ ਹੋਵੇਗਾ ਤਾਂ ਉਸ ਖਿਡਾਰੀ ਜਾਂ ਪੂਰੀ ਟੀਮ ਨੂੰ ਵੀ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। ਜੇਕਰ ਟੀਮ ਦਾ ਵੀ ਵਿੱਚ ਕੋਈ ਕਸੂਰ ਹੋਵੇਗਾ।
3. ਲਾਲ ਲਾਈਨ ਨਾਲ ਪੈਰ ਛੂਹਣ 'ਤੇ ਜਾਂ ਬਾਹਰਲੀ ਲਾਈਨ ਤੋਂ ਪੈਰ ਬਾਹਰ ਜਾਣ 'ਤੇ ਅਯੋਗ ਕਰਾਰ ਦਿੱਤਾ ਜਾਵੇਗਾ।
4. ਕੋਈ ਹੋਰ ਅਣਉਚਿਤ ਰਵੱਈਆ ਜੋ ਰੈਫਰੀ ਜਾਂ ਜੱਜਾਂ ਦੇ ਅਨੁਸਾਰ ਖੇਡ ਦੇ ਨਿਯਮਾਂ ਦੇ ਖ਼ਿਲਾਫ਼ ਹੋਵੇ।

## ਫਾਉਲ ਸਮੇਂ ਕਾਰਡ ਦਿਖਾਉਣ ਦੇ ਨਿਯਮ
## (Rules To Show The Cards)

1. ਪਹਿਲਾ ਫਾਉਲ/ਬੇਨਿਯਮੀ ਭਾਵੇਂ ਉਹ ਕਿਸੇ ਵੀ ਕਿਸਮ ਦੀ ਹੋਵੇ (ਪੱਕੇ ਫਾਉਲ ਛੱਡ ਕੇ) ਕਰਨ 'ਤੇ ਹਰਾ ਕਾਰਡ (Green Card) ਦਿਖਾ ਕੇ ਵਾਰਨਿੰਗ ਦਿੱਤੀ ਜਾਵੇਗੀ ਪਰ ਨੰਬਰ ਨਹੀਂ ਕੱਟਿਆ ਜਾਵੇਗਾ।
2. ਦੂਜਾ ਫਾਉਲ/ਬੇਨਿਯਮੀ ਜਿਹੜੀ ਕਿਸਮ ਦੀ ਵੀ ਹੋਵੇ ਉਸ ਨੂੰ ਵਾਰਨਿੰਗ ਨਹੀਂ ਦਿੱਤੀ ਜਾਵੇਗੀ ਸਗੋਂ ਫਾਉਲ ਦੇ ਕੇ ਪੀਲਾ ਕਾਰਡ (Yellow Card) ਦਿਖਾ ਕੇ ਦੋ ਨੰਬਰ ਕੱਟੇ ਜਾਣਗੇ।
3. ਤੀਜਾ ਫਾਉਲ/ਬੇਨਿਯਮੀ ਕਰਨ 'ਤੇ ਫਿਰ ਪੀਲਾ ਕਾਰਡ (Yellow Card) ਦਿਖਾ ਕੇ ਦੋ ਨੰਬਰ ਕੱਟੇ ਜਾਣਗੇ।
4. ਚੌਥਾ ਫਾਉਲ/ ਬੇਨਿਯਮੀ ਕਰਨ 'ਤੇ ਲਾਲ ਕਾਰਡ (Red Card) ਦਿਖਾ ਕੇ ਦੂਜੇ ਜੱਜ ਅਤੇ ਰੈਫਰੀ ਸਾਹਿਬਾਨ ਦੀ ਸਲਾਹ ਨਾਲ ਅਯੋਗ (Disqualify) ਘੋਸ਼ਿਤ ਕਰ ਦਿੱਤਾ ਜਾਵੇਗਾ।

**ਨੋਟ:-** ਜੇਕਰ ਪਹਿਲਾਂ ਹੀ ਪੱਕਾ ਫਾਉਲ ਹੋ ਜਾਵੇ ਤਾਂ ਉਹ ਫਾਉਲ ਹੀ ਮੰਨਿਆ ਜਾਵੇਗਾ, ਵਾਰਨਿੰਗ ਨਹੀਂ ਦਿੱਤੀ ਜਾਵੇਗੀ। ਇਸ ਤੋਂ ਬਾਅਦ ਵੀ ਕੋਈ ਵਾਰਨਿੰਗ ਨਹੀਂ ਦਿੱਤੀ ਜਾਵੇਗੀ ਅਤੇ ਦੋ ਫਾਉਲ ਹੋਰ ਹੋਣ 'ਤੇ ਅਯੋਗ ਕਰਾਰ ਦਿੱਤਾ ਜਾਵੇਗਾ।

Scanned with CamScanner

8. ਮੰਦੇ ਬੋਲ ਬੋਲਣੇ, ਬਦਕਲਾਮੀ ਕਰਨੀ, ਮੁਕਾਬਲੇ ਦੇ ਬਾਹਰ ਵੀ ਲੜਾਈ ਝਗੜਾ ਜਾਰੀ ਰੱਖਣਾ।
9. ਆਪਣੇ ਮੁਕਾਬਲਾਕਾਰ ਦੇ ਕਿਸੇ ਵੀ ਅੰਗ 'ਤੇ ਹੂਲ/ਚੋਭ ਮਾਰਨੀ। ਜੇਕਰ ਖਿਡਾਰੀ ਜ਼ਖਮੀ ਹੋ ਜਾਵੇ ਤਾਂ ਚੋਭ ਮਾਰਨ ਵਾਲਾ ਅਗਲੀਆਂ ਖੇਡਾਂ ਲਈ ਵੀ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। ਇਸ ਦਾ ਫੈਸਲਾ ਸਾਰੇ ਰੈਫਰੀ ਅਤੇ ਜੱਜ ਸਾਹਿਬਾਨ ਮਿਲ ਕੇ ਕਰਨਗੇ।

## ਨਿਯਮਾਂ ਵਿਰੁੱਧ ਖੇਡ (Fouls)

1. ਜਾਣਬੁੱਝ ਕੇ ਸਿਰ ਮੂੰਹ 'ਤੇ ਸੱਟ ਮਾਰਨੀ ਜਾਂ ਭਰਵੇਂ ਵਾਰ ਮਾਰਨੇ।
2. ਨਿਰਣਾਇਕ ਜਾਂ ਰੈਫਰੀ ਨਾਲ ਜਾਂ ਕਿਸੇ ਅਹੁਦੇਦਾਰ ਨਾਲ ਬੇਲੋੜੀ ਬਹਿਸ ਕਰਨੀ।
3. ਕੋਈ ਐਸੀ ਸੱਟ ਜੋ ਆਪਣੇ ਮੁਕਾਬਲਾਕਾਰ ਨੂੰ ਨੁਕਸਾਨ ਪਹੁੰਚਾਉਣ ਦੀ ਨੀਅਤ ਨਾਲ ਮਾਰੀ ਜਾਵੇ।
4. ਚੱਡੇ ਉਪਰ ਵਾਰ ਕਰਨਾ। ਹਾਲਾਤ ਅਨੁਸਾਰ ਵਾਰਨਿੰਗ/ਫਾਊਲ ਦਿੱਤਾ ਜਾ ਸਕਦਾ ਹੈ।
5. ਖਿਡਾਰੀ ਦਾ ਮੁਕਾਬਲੇ ਦੌਰਾਨ ਜੇਕਰ ਕਮਰਕੱਸਾ, ਦੁਮਾਲਾ, ਚੋਲਾ, ਕਛਹਿਰੇ ਦਾ ਬੰਨ੍ਹ (ਨਾਲਾ ਲਮਕਣਾ) ਜਾਂ ਬੂਟਾਂ ਦੇ ਤਸਮੇਂ ਖੁੱਲ੍ਹ ਜਾਂਦੇ ਹਨ ਜਾਂ ਕਿਰਪਾਨ ਜਾਂ ਸਰੀਰ ਉਪਰ ਸਜਾਇਆ ਸ਼ਸਤਰ ਡਿੱਗ ਜਾਂਦਾ ਹੈ ਤਾਂ ਖਿਡਾਰੀ ਦਾ ਇੱਕ ਨੰਬਰ ਕੱਟਿਆ ਜ਼ਾਵੇਗਾ।
6. ਅਗਰ ਖਿਡਾਰੀ ਡਿੱਗ ਜਾਂਦਾ ਹੈ ਤਾਂ ਵਿਰੋਧੀ ਖਿਡਾਰੀ ਦੇ ਵਾਰ ਕਰਨ ਤੋਂ ਪਹਿਲਾਂ ਉਠ ਪੈਂਦਾ ਹੈ ਤਾਂ ਉਸ ਨੂੰ ਫਾਊਲ ਨਹੀਂ ਮੰਨਿਆ ਜਾਵੇਗਾ। ਪਰ ਜੇਕਰ ਖਿਡਾਰੀ ਦਾ ਸ਼ਸਤਰ ਜ਼ਮੀਨ 'ਤੇ ਲੱਗ ਜਾਂਦਾ ਹੈ ਤਾਂ ਫਾਊਲ ਮੰਨਿਆ ਜਾਵੇਗਾ।
7. ਮੁਕਾਬਲੇ ਦੌਰਾਨ ਸੋਟੀ ਨਾਲ ਵਾਰ ਕੱਢਦੇ ਰਹਿਣਾ ਜ਼ਰੂਰੀ ਹੈ ਅਤੇ ਫਰੀ ਵੀ ਪੈਂਤਰੇ ਅਨੁਸਾਰ ਚੱਲਣੀ ਚਾਹੀਦੀ ਹੈ। ਇੱਕ ਥਾਂ 'ਤੇ ਸੋਟੀ ਜਾਂ ਫਰੀ ਖੜੀ ਰੱਖਣ 'ਤੇ ਵੀ ਇੱਕ ਵਾਰੀ ਵਾਰਨਿੰਗ ਅਤੇ ਦੂਜੀ ਵਾਰੀ ਫਾਊਲ ਦਿੱਤਾ ਜਾਂਦਾ ਹੈ।

## ਅਯੋਗ ਕਰਾਰ ਦੇਣ ਸਬੰਧੀ ਨਿਯਮ

### (Rules for Declaring Disqualification)

1. ਤਿੰਨ ਫਾਊਲ ਕਰਨ ਤੇ ਚੌਥੇ ਫਾਊਲ 'ਤੇ ਲਾਲ ਕਾਰਡ ਦਿਖਾ ਕੇ ਰੈਫਰੀ ਖਿਡਾਰੀ ਨੂੰ ਅਯੋਗ ਕਰਾਰ ਦੇ ਸਕਦਾ ਹੈ।

Scanned with CamScanner